# ਹਿੰਦੁਸਤਾਨੀ ਦਰਸ਼ਨ ਵਿਚ ਜਨਮ ਅਤੇ ਕਰਮ ਵਿਚ ਤਕਰਾਰ

ਰਿਗਵੇਦ ਦੇ ਪਹਿਲੇ ਹਿਸਿਆਂ ਦੇ ਵਕਤ ਦੇ ਬਾਅਦ ਸਮਾਜ ਅਤੇ ਕਾਇਨਾਤ ਬਾਰੇ ਹਿੰਦੁਸਤਾਨੀ ਦਰਸ਼ਨ ਦੋ ਹਿਸਿਆਂ ਵਿਚ ਵੰਡਿਆ ਦਿਸਦਾ ਹੈ। ਜਨਮ ਪ੍ਰਧਾਨਤਾ ਅਤੇ ਕਰਮ ਪ੍ਰਧਾਨਤਾ। ਬ੍ਰਾਹਮਣਵਾਦ ਅਤੇ ਇਸਦੇ ਮਦਦਗਾਰ ਕਸ਼ਤਰੀ ਰਾਜੇ ਅਤੇ ਹੋਰ ਲੋਟੂ ਧਿਰਾਂ ਜਨਮ ਪ੍ਰਧਾਨ ਸੋਚ ਦੇ ਹਿਮਾਇਤੀ, ਪੈਰੋਕਾਰ, ਅਤੇ ਨੁਮਾਇੰਦੇ ਬਣ ਗਏ। ਬ੍ਰਾਹਮਣਵਾਦ ਦੇ ਹਾਮੀ ਅਤੇ ਉਸ ਵੇਲੇ ਮੌਜੂਦ ਢਾਂਚੇ ਨੂੰ ਕਾਇਮ ਰਖਣ ਵਾਲੇ ਇਸ ਗੱਲ ਉਤੇ ਜ਼ੋਰ ਦਿੰਦੇ ਸਨ ਕਿ ਇਨਸਾਨ ਗਿਆਨੀ ਜਾਂ ਬ੍ਰਾਹਮਣ ਤੇ ਬਹਾਦੁਰ ਜਾਂ ਕਸ਼ਤਰੀ ਇਕ ਕੁਲ ਜਾਂ ਕੁਨਬੇ ਵਿਚ ਜਨਮ ਨਾਲ ਹੀ ਬਣਦਾ ਹੈ। ਇਸ ਵਿਚਾਰ ਅਤੇ ਨਿਜ਼ਾਮ ਮੁਤਾਬਿਕ ਵਿਧਾਤਾ ਨੇ ਕਿਸੇ ਵਕਤ ਇਹ ਦੁਨਿਆ ਬਣਾ ਛੱਡੀ ਅਤੇ ਸਾਰੇ ਕਿੱਤੇ ਤੇ ਕੰਮ ਕਰਨ ਵਾਲਿਆਂ ਦੇ ਕਿਰਦਾਰ ਅਤੇ ਕਿਸਮਤ ਵੀ ਉਸ ਵਕਤ ਹੀ ਲਿੱਖ ਦਿਤੀ ਸੀ ਜੋ ਇਨਸਾਨ ਨਾਲ ਉਸਦੇ ਜਨਮ ਤੋਂ ਹੀ ਚਲਦੀ ਰਹਿੰਦੀ ਹੈ। ਵਿਧਾਤਾ ਦੀ ਇਸ ਲਿਖੀ ਹੋਈ ਨੂੰ ਇਨਸਾਨ ਆਪਣੇ ਕਰਮਾਂ ਨਾਲ ਬਦਲ ਨਹੀਂ ਸਕਦਾ। ਇਸ ਕਰਕੇ ਬ੍ਰਾਹਮਣ ਜਨਮ ਕਰਕੇ ਬ੍ਰਾਹਮਣ ਸਨ ਅਤੇ ਸ਼ੂਦਰ ਜਨਮ ਕਰਕੇ ਸ਼ੂਦਰ ਸਨ। ਇਹ ਗੱਲ ਕਰਮਾਂ ਨਾਲ ਬਦਲੀ ਨਹੀਂ ਜਾ ਸਕਦੀ। ਇਹ ਕਿਹਾ ਜਾਣ ਲਗਿਆ ਕਿ ਮਹਾਂਪੁਰਖ ਨੇ ਆਪਣੇ ਸਿਰ ਤੋਂ ਬ੍ਰਾਹਮਣ, ਧੜ ਤੋਂ ਕਸ਼ੱਤਰੀ, ਢਿਡ ਤੋਂ ਵੈਸ਼ ਅਤੇ ਪੈਰਾਂ ਤੋਂ ਸ਼ੂਦਰਾਂ ਨੂੰ ਸਾਜਿਆ ਹੈ ਅਤੇ ਇਸੇ ਮੁਤਾਬਿਕ ਉਨ੍ਹਾਂ ਦੇ ਸਮਾਜ ਵਿਚ ਕਿੱਤੇ ਵੀ ਨਿਯਤ ਕੀਤੇ ਹਨ।

ਕਰਮ ਪ੍ਰਧਾਨਤਾ ਉਤੇ ਜ਼ੋਰ ਦੇਣ ਵਾਲੇ ਉਹ ਲੋਕ ਸਨ ਜਿਹੜੇ ਸਮਾਜ ਉਤੇ ਬ੍ਰਾਹਮਣਵਾਦ ਦੀ ਇਸ ਜਕੜ ਨੂੰ ਤੋੜਕੇ ਇਨਸਾਨ ਦੇ ਆਪਣੇ ਕਰਮ ਅਤੇ ਕਿਰਤ ਨਾਲ ਬਣਾਈ ਹੋਈ ਕਿਸਮਤ ਉਤੇ ਜ਼ੋਰ ਦਿੰਦੇ ਸਨ। ਮਹਾਤਮਾ ਮਹਾਵੀਰ ਜੈਨ, ਮਹਾਤਮਾ ਬੁੱਧ, ਚਾਰਵਾਕ, ਲੋਕਾਯਾਤਾ, ਦੇਹਆਤਮਵਾਦੀ, ਕਸ਼ਣਭੰਗੁਰਵਾਦੀ ਅਤੇ ਕਈ ਉਪਨਿਸ਼ਦਾਂ ਨੇ ਕਰਮ ਪ੍ਰਧਾਨਤਾ ਉਤੇ ਜ਼ੋਰ ਦਿਤਾ। ਇਨ੍ਹਾਂ ਸੱਭਨਾਂ ਦਾ ਨਿਰਨਾ ਸੀ ਕਿ ਇਨਸਾਨ ਬ੍ਰਾਹਮਣ ਜਾਂ ਕਸ਼ਤਰੀ, ਗਿਆਨੀ ਅਤੇ ਬਹਾਦੁਰ ਆਪਣੇ ਕੰਮਾਂ ਨਾਲ ਬਣਦਾ ਹੈ, ਇਲਮ ਨਾਲ ਬਣਦਾ ਹੈ ਅਤੇ ਆਪਣੀ ਮੇਹਨਤ ਨਾਲ ਬਣਦਾ ਹੈ। ਇਸ ਧਿਰ ਨਾਲ ਉਹ ਲੋਕ ਵੀ ਸਨ ਜਿਹੜੇ ਰਿਗ ਵੇਦ ਦੇ ਪੁਰਾਣੇ ਖਿਆਲ ਮੁਤਾਬਿਕ ਕਹਿੰਦੇ ਸਨ ਕਿ ਇਹ ਸਾਰੀ ਕਾਇਨਾਤ ਪ੍ਰਕਰਤੀ ਨਾਲ ਆਪ ਹੀ ਹੋਂਦ ਵਿਚ ਆਈ ਹੈ ਅਤੇ ਇਸ ਪ੍ਰਕਰਤੀ ਦੇ ਪਦਾਰਥਾਂ ਕਰਕੇ ਹੀ ਸਚੇਤ ਬਣਦੀ ਹੈ। ਰਿਗਵੇਦ ਦੇ ਦੂਜੇ ਸੂਕਤ ਵਿਚ ਸੂਰਜ ਅਤੇ ਹਵਾ ਨੂੰ ਚੇਤਨਾ ਪਰਦਾਨ ਕਰਨ ਵਾਲਾ ਦੱਸਿਆ ਗਿਆ ਸੀ।

ਇਹ ਦੋ ਬੁਨਿਆਦੀ ਧਿਰਾਂ ਹਿੰਦੁਸਤਾਨੀ ਦਰਸ਼ਨ ਵਿਚ ਇਕ ਖਾਸ ਵਕਤ ਵਿਚ ਵਿਕਸਿਤ ਹੋਈਆਂ ਸਨ ਅਤੇ ਚਲਦੀਆਂ ਆਈਆਂ ਹਨ। ਰਿਗਵੇਦ ਦੇ ਪਹਿਲੇ ਹਿੱਸਿਆਂ ਵਿਚ ਸਾਨੂੰ ਇਹ ਤਕਰਾਰ ਨਜ਼ਰ ਨਹੀਂ ਆਉਂਦਾ। ਇਸ ਸਮੇਂ ਦਾ ਸਮਾਜ ਕੁਦਰਤ ਨਾਲ ਨਜਿੱਠ ਰਿਹਾ ਹੈ। ਇਸ ਵੇਲੇ ਮਨੁੱਖ ਕੁਦਰਤ ਨਾਲ ਜੂਝਕੇ ਆਪਣਾ ਇਤਿਹਾਸ ਆਪ ਬਣਾ ਰਿਹਾ ਹੈ। ਤਮਾਮ ਸਮਾਜ ਇਕੱਠਾ ਹੋਕੇ ਕੁਦਰਤ ਤੋਂ ਆਪਣੀਆਂ ਲੋੜੀਂਦੀਆਂ ਵਸਤਾਂ ਹਾਸਿਲ ਕਰਨ ਵਿਚ ਕਰਮਸ਼ੀਲ ਹੈ। ਉਹ ਕੁਦਰਤ ਦੀਆਂ ਤਾਕਤਾਂ ਦਾ ਨਿਰਨਾ ਕਰਕੇ ਉਨ੍ਹਾਂ ਦਾ ਗਿਆਨ ਹਾਸਿਲ ਕਰਕੇ ਇਨ੍ਹਾਂ ਤਾਕਤਾਂ ਨੂੰ ਆਪਣੇ ਹਿਤਾਂ ਲਈ ਵਰਤਣ ਦੀ ਕੋਸ਼ਿਸ਼ ਵਿਚ ਹਨ। ਉਹ ਹਰ ਸ਼ੈਅ ਅਤੇ ਹਰ ਚੀਜ਼ ਦਾ ਨਿਰਨਾ ਕਰਨ ਵਿਚ ਲਗੇ ਹੋਏ ਹਨ ਅਤੇ ਇਹ ਤੱਤ ਕੱਢਦੇ ਹਨ ਕਿ ਹਰ ਸ਼ੈਅ ਹੋਂਦ ਵਿਚ ਆਉਂਦੀ ਹੈ ਅਤੇ ਗਾਇਬ ਹੋ ਜਾਂਦੀ ਹੈ ਅਤੇ ਆਪਣਾ ਰੂਪ ਅਤੇ ਖਾਸਾ ਬਦਲ ਲੈਂਦੀ ਹੈ। ਇਹ ਸਾਰੀ ਮਾਇਆ ਆਪਣੇ ਆਵਾਗਵਣ ਵਿਚ ਹੀ ਆਪਣਾ ਦਰਸ਼ਨ ਦਿੰਦੀ ਹੈ। ***ਸਰਵੇ ਜਨਾ ਸੁਖੀਨਾਮ ਭਵੰਤੁ*** ਇਸ ਦੌਰ ਦਾ ਬੁਨਿਆਦੀ ਅਸੂਲ ਹੈ। ਸਮਾਜ ਦਾ ਫਰਜ਼ ਹਰੇਕ ਇਨਸਾਨ ਨੂੰ ਖੁਸ਼ਹਾਲੀ ਅਤੇ ਰੱਖਵਾਲੀ ਮੁਹੱਈਆ ਕਰਨਾ ਹੈ।

ਇਸ ਵੇਲੇ ਹਰ ਸਮਾਜੀ ਅਤੇ ਇਨਸਾਨੀ ਗੱਲ ਇਨਸਾਨ ਦੇ ਕਰਮ ਤੇ ਨਿਰਭਰ ਹੈ ਅਤੇ ਕਿਸੇ ਦਾ ਜਨਮ ਕਿਸ ਕੁਨਬੇ ਜਾਂ ਕੁਲ ਵਿਚ ਹੋਇਆ ਸੀ ਉਸ ਦੀ ਕੋਈ ਅਹਮੀਅਤ ਨਹੀਂ ਸੀ ਸਿਰਫ ਇਸ ਗੱਲ ਦੀ ਅਹਮੀਅਤ ਸੀ ਕਿ ਕੀ ਉਹ ਸਮਾਜ ਵਿਚ ਸ਼ਰੀਕ ਹੈ ਕਿ ਨਹੀਂ ਅਤੇ ਉਸਦਾ ਹਿੱਸਾ ਹੈ ਕਿ ਨਹੀਂ। ਸਮਾਜ ਸ਼ਬਦ ਦਾ ਮਤਲਬ ਹੀ ਇਹ ਹੈ ਕਿ ਇਕੋ ਜਿਹੇ ਜੰਮੇ, ਇਕੋ ਥਾਂ ਤੋਂ ਉਪਜੇ। ਇਸ ਵਕਤ ਜਨਮ ਜਾਂ ਕਰਮ ਦੇ ਆਧਾਰ ਤੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਹੈ। ਹਰੇਕ ਦੀਆਂ ਲੋੜਾਂ ਸਮਾਜ ਪੂਰੀਆਂ ਕਰਦਾ ਹੈ। ਇਸ ਵੇਲੇ ਜ਼ਾਤੀ ਅਤੇ ਸਮਾਜਿਕ ਹਿੱਤ ਸੁਰਮੇਲ ਹਨ।

ਰਿਗਵੇਦ ਦੇ ਹੀ ਆਖਰਲਿਆਂ ਮੰਡਲਾਂ ਵਿਚ ਇਹ ਜਨਮ ਅਤੇ ਕਰਮ ਦੀ ਵੰਡ ਦਿਸਣ ਲਗ ਪੈਂਦੀ ਹੈ। ਪੁਰੁਸ਼ ਸੂਕਤ ਵਿਚ ਸਮਾਜ ਨੂੰ ਚਾਰ ਹਿੱਸਿਆਂ ਵਿਚ ਦਾਤੇ ਵਲੋਂ ਵੰਡਿਆਂ ਦਸਿਆ ਜਾਂਦਾ ਹੈ। ਸਮਾਜ ਵਿਚ ਜਨਮ ਪ੍ਰਧਾਨਤਾ ਜ਼ੋਰ ਫੜਣ ਲੱਗ ਪੈਂਦੀ ਹੈ। ਇਹ ਸਮਾਜ ਵਿਚ ਪੈਦਾ ਹੋ ਰਹੀ ਵੰਡ ਦੀ ਹੀ ਝਲਕ ਹੈ। ਇਸ ਸਮੇਂ ਦੇ ਸਮਾਜ ਵਿਚ ਮਨੁਖ ਅਤੇ ਮਨੁਖ ਦਾ ਆਪਸੀ ਸੰਘਰਸ਼ ਸ਼ੁਰੂ ਹੋ ਜਾਂਦਾ ਹੈ। ਇਸ ਸਾਰੇ ਬੰਦੋਬਸਤ ਅਤੇ ਬ੍ਰਾਹਮਣਾਂ ਅਤੇ ਕਸ਼ਤਰੀਆਂ ਦੀ ਜਕੜ ਦੇ ਖਿਲਾਫ ਵੱਡੀਆਂ ਲਹਿਰਾਂ ਉੱਠਦੀਆਂ ਹਨ। ਮਹਾਨ ਵਾਕੋਵਾਕ ਇਸ ਗੱਲ ਤੇ ਛਿੜ ਗਏ ਕਿ ਕੀ ਕਰਮ ਪ੍ਰਧਾਨ ਹੈ ਜਾਂ ਜਨਮ ਪ੍ਰਧਾਨ। ਬ੍ਰਾਹਮਣਵਾਦ ਦੇ ਪੈਰੋਕਾਰਾਂ ਨੇ ਜਨਮ ਪ੍ਰਧਾਨਤਾ ਉਤੇ ਜ਼ੋਰ ਦਿਤਾ ਅਤੇ ਇਸਨੂੰ ਚੁਨੌਤੀ ਦੇਣ ਵਾਲਿਆਂ ਨੇ ਕਰਮ ਪ੍ਰਧਾਨਤਾ ਤੇ ਜ਼ੋਰ ਦਿਤਾ। ਇਨ੍ਹਾਂ ਦੋ ਖਿਆਲਾਂ ਦੇ ਵਿਚਕਾਰ ਵੀ ਕਈ ਸ਼ਾਖਾਂਵਾਂ ਸਨ ਜੋ ਕਿ ਕਿਸੇ ਨਾਂ ਕਿਸੇ ਰੂਪ ਵਿਚ ਇਨ੍ਹਾਂ ਦੋਨੋਂ ਬੁਨਿਆਦੀ ਵਿਚਾਰਧਾਰਾਵਾਂ ਦੇ ਤਕਰਾਰ ਦਾ ਹੀ ਇਕ ਰੂਪ ਅਤੇ ਹਿਸਾ ਸਨ।

ਜਨਮ ਨੂੰ ਪ੍ਰਧਾਨ ਦੱਸਣ ਵਾਲੇ ਕੁਝ ਵਿਦਵਾਨਾਂ ਅਤੇ ਰਿਸ਼ੀਆਂ ਨੇ ਦਰਸ਼ਨ ਦੇ ਪੁਰਾਣੇ ਇਸ ਨਿਰਨੇ ਨੂੰ ਰੱਦ ਕਰ ਦਿਤਾ ਕਿ ਹਰ ਸ਼ੈਅ ਹਮੇਸ਼ਾ ਬਦਲਦੀ ਰਹਿੰਦੀ ਹੈ। ਆਵਾਗਵਣ ਹੀ ਕੁਦਰਤ ਦਾ ਬੁਨਿਆਦੀ ਅਸੂਲ ਹੈ। ਇਨ੍ਹਾਂ ਨੇ ਇਹ ਵੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਤਬਦੀਲੀ ਇਕ ਭੁਲੇਖਾ ਅਤੇ ਅਗਿਆਨਤਾ ਹੈ। ਪ੍ਰਮਾਤਮਾ ਨੇ ਦੁਨੀਆਂ ਸਦਾ ਲਈ ਬਣਾ ਦਿਤੀ ਹੈ ਅਤੇ ਉਹ ਇਸ ਵਿਚ ਕੋਈ ਤਬਦੀਲੀ ਨਹੀਂ ਚਾਹੁੰਦਾ। ਇਸਨੂੰ ਬਦਲਨ ਦੀ ਕੋਸ਼ਿਸ਼ ਕਰਨ ਦੀ ਬਜਾਏ ਇਨਸਾਨ ਦਾ ਫਰਜ਼ ਇਹ ਹੈ ਕਿ ਉਹ  ਇਹ ਹਕੀਕਤ ਕਬੂਲ ਕਰਕੇ ਆਪਣੇ ਜਨਮ ਅਨੁਸਾਰ ਆਪਣੇ ਫਰਜ਼ਾਂ ਨੂੰ ਪੂਰਾ ਕਰੇ। ਇਹ ਖਿਆਲ ਵੀ ਘਰ ਕਰਨ ਲਗ ਪਿਆ ਕਿ ਪਰਮਾਤਮਾ ਉਹ ਸ਼ੈਅ ਹੈ ਜਿਸ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ। ਕਈਆਂ ਨੇ ਇਥੋਂ ਤਕ ਵੀ ਕਹਿਣਾ ਸ਼ੁਰੂ ਕਰ ਦਿਤਾ ਚੂੰਕਿ ਇਹ ਸੱਭ ਮਾਇਆ ਹਮੇਸ਼ਾ ਬਦਲਦੀ ਰਹਿੰਦੀ ਹੈ ਇਸ ਕਰਕੇ ਇਹ ਝੂਠ ਪਸਾਰਾ ਹੈ। ਇਹ ਸਚ ਨਹੀਂ ਹੈ। ਸੱਚਾ ਤਾਂ ਉਹ ਪਰਮੇਸ਼ਵਰ ਹੀ ਹੈ ਜੋ ਕਦੇ ਨਹੀਂ ਬਦਲਦਾ। ਰਿਗਵੇਦ ਦੇ ਵਕਤ ਦੀ ਬੁਨਿਆਦੀ ਸੂਝ ਕਿ ਕੁਦਰਤ ਜਾਂ ਪ੍ਰਕਿਰਤੀ ਅਤੇ ਜਗਤ ਹਮੇਸ਼ਾ ਗਤੀਸ਼ੀਲ ਰਹਿੰਦੇ ਹਨ ਦੇ ਇਹ ਬਿਲਕੁਲ ਉਲਟ ਹੋ ਗਏ। ਤਬਦੀਲੀ ਨੂੰ ਗਲਤ ਅਤੇ ਬੁਰਾ ਕਿਹਾ ਜਾਣ ਲਗਿਆ। ਇਹ ਗੱਲ ਬ੍ਰਾਹਮਣਵਾਦ ਅਤੇ ਉਸਦੇ ਪੈਰੋਕਾਰਾਂ ਦੇ ਬਹੁਤ ਰਾਸ ਆਈ। ਉਨ੍ਹਾਂ ਨੇ ਇਸ ਖਿਆਲ ਨੂੰ ਬਹੁਤ ਤਰਜੀਹ ਦਿਤੀ ਅਤੇ ਇਸ ਖਿਆਲ ਦੇ ਉਲਟ ਖਿਆਲ ਰਖਣ ਵਾਲਿਆਂ ਦੀ ਅਤੇ ਤਬਦੀਲੀ ਅਤੇ ਕਰਮ ਪ੍ਰਧਾਨਤਾ ਦੀ ਗੱਲ ਕਰਨ ਵਾਲਿਆਂ ਦੀ ਨਿਖੇਧੀ ਕੀਤੀ ਅਤੇ ਉਨ੍ਹਾਂ ਤੇ ਤਸ਼ੱਦਦ  ਵੀ ਕੀਤਾ।

ਸਮਾਜ ਵਿਚ ਰਹਿਣ ਵਾਲੇ ਹਰੇਕ ਬਸ਼ਿੰਦੇ ਦਾ ਇਹ ਫਰਜ਼ ਬਣਾ ਦਿਤਾ ਗਿਆ ਕਿ ਉਹ ਆਪਣੇ ਜਨਮ ਨੂੰ ਭੁਲ ਕੇ ਕਰਮ ਦੀ ਗੱਲ ਨਾ ਕਰੇ। ਇਸੇ ਵਿਚ ਉਸਦੀ ਅਤੇ ਸਮਾਜ ਦੀ ਭਲਾਈ ਦੱਸੀ ਗਈ । ਧਰਮ ਸ਼ਾਸਤਰਾਂ ਅਤੇ ਸਮਿਰਤੀਆਂ ਵਿਚ ਇਹ ਗੱਲਾਂ ਕਲਮਬੰਦ ਕਰ ਦਿਤੀਆਂ ਗਈਆਂ। ਇਨਸਾਨ ਨੂੰ ਜਨਮ ਦੀ ਜਕੜ ਵਿਚ ਬੰਨ੍ਹ ਦਿਤਾ ਗਿਆ। ਕਰਮ ਨੂੰ ਜਨਮ ਨਾਲੋਂ ਨੀਵਾਂ ਦੱਸਿਆ ਗਿਆ। ਜਿਹੜੇ ਲੋਕ ਆਪਣੀ ਮੇਹਨਤ ਅਤੇ ਹੱਥਾਂ ਨਾਲ ਕੰਮ ਕਰਦੇ ਸਨ ਉਨ੍ਹਾ ਨੂੰ ਹੀਣ ਅਤੇ ਨੀਚ ਦੱਸਿਆ ਗਿਆ। ਇਸਦੇ ਨਾਲ ਹੀ ਇਹ ਗੱਲ ਵੀ ਕਹੀ ਜਾਣ ਲਗ ਪਈ ਕਿ ਇਨਸਾਨ ਦਾ ਮੌਜੂਦਾ ਜਨਮ ਉਸਦੇ ਪੁਰਾਣਿਆਂ ਜਨਮਾਂ ਦੇ ਕਰਮਾਂ ਦੇ ਹਿਸਾਬ ਮੁਤਾਬਿਕ ਦਾਤੇ ਵਲੋਂ ਹੀ ਹੋਇਆ ਹੈ ਅਤੇ ਉਸਨੂੰ  ਇਹ ਗੱਲ ਮੰਨ ਲੈਣੀ ਚਾਹੀਦੀ ਹੈ ਅਤੇ ਇਸਨੂੰ ਬਦਲਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਇਸ ਹਿਸਾਬ ਅਤੇ ਨਜ਼ਰੀਏ ਮੁਤਾਬਿਕ ਬ੍ਰਾਹਮਣ ਆਪਣੇ ਪਿਛਲੇ ਜਨਮਾਂ ਦੇ ਚੰਗੇ ਕਰਮਾਂ ਕਰਕੇ ਹੀ ਬ੍ਰਾਹਮਣ ਬਣੇ ਸਨ ਅਤੇ ਸ਼ੂਦਰ ਅਤੇ ਔਰਤਾਂ ਆਪਣੇ ਪਿਛਲੇ ਜਨਮ ਦੇ ਮਾੜਿਆਂ ਕਰਮਾਂ ਕਰਕੇ ਹੀ ਮੌਜੂਦਾ ਜਨਮ ਵਿਚ ਸ਼ੂਦਰ ਜਾਂ ਔਰਤਾਂ ਹਨ। ਜੇ ਉਨ੍ਹਾਂ ਨੇ ਇਸ ਜਨਮ ਵਿਚ ਆਪਣੇ ਫਰਜ਼ ਚੰਗੀ ਤਰਾਂ ਨਿਭਾਏ ਤਾਂ ਅਗਲੇ ਜਨਮ ਵਿਚ ਉਨ੍ਹਾਂ ਦੀ ਮੁਕਤੀ ਹੋ ਸਕਦੀ ਹੈ ਜਾਂ ਉਹ ਆਪ ਬ੍ਰਾਹਮਣ ਜਾਂ ਕਸ਼ੱਤਰੀ ਦਾ ਜਨਮ ਲੈ ਸਕਦੇ ਹਨ। ਧਰਮ-ਸ਼ਾਸਤਰਾਂ ਅਤੇ ਸਿਮਰਿਤੀਆਂ ਨੇ ਇਸ ਜ਼ਾਤ ਪਾਤ ਦੇ ਹਿਸਾਬ ਨਾਲ ਸੱਭਦੇ ਫਰਜ਼ ਵਿਸਥਾਰ ਨਾਲ ਦੱਸੇ ਜਿਸ ਨਾਲ ਇਸ ਸਾਰੇ ਬੰਦੋਬਸਤ ਨੂੰ ਹੀ ਹੋਰ ਮਜ਼ਬੂਤ ਕੀਤਾ ਗਿਆ ਸੀ। ਇਨ੍ਹਾਂ ਸਾਰੇ ਹੀ ਫਰਜ਼ਾਂ ਦੀ ਬੁਨਿਆਦ ਜਨਮ ਪ੍ਰਧਾਨਤਾ ਸੀ। ਇਥੋਂ ਤੀਕ ਕਹਿ ਦਿਤਾ ਸੀ ਕਿ ਆਪਣੇ ਕਰਮ ਨਾਲ ਕੋਈ ਇਸ ਜਨਮ ਦੇ ਸੰਸਕਾਰ ਨਹੀਂ ਬਦਲ ਸਕਦਾ। ਅਗਲੇ ਜਨਮ ਵਿਚ ਹੀ ਕੋਈ ਹੋਰ ਗਲਬਾਤ ਹੋ ਸਕਦੀ ਹੈ। ਪਰ ਕਿਉਂਕਿ ਜੀਵਨ ਗਤਿਮਾਨ ਹੈ, ਅਤੇ ਆਵਾਗਮਨ ਹੈ ਇਸ ਲਈ ਇਸ ਸਾਰੀ ਵਿਵਸਥਾ ਅਤੇ ਬੰਦੋਬਸਤ ਅਤੇ ਵਿਚਾਰਧਾਰਾ ਨੂੰ ਚੁਨੌਤੀ ਦੇਣ ਵਾਲੇ ਵੀ ਉਠਦੇ ਰਹੇ ਅਤੇ ਕਰਮ ਪ੍ਰਧਾਨਤਾ ਦਾ ਹੋਕਾਂ ਦਿੰਦੇ ਰਹੇ ਅਤੇ ਅੱਜ ਵੀ ਇਸਨੂੰ ਚੁਨੋਤੀਆਂ ਦੇ ਰਹੇ ਹਨ।

ਅੱਜ ਦੇ ਹਾਲਾਤ ਵਿਚ ਤਾਕਤਵਰ ਧਿਰਾਂ ਅਤੇ ਲੁੱਟ ਖਸੁਟ ਕਰਨ ਵਾਲੇ ਦਲੀਲ ਦਿੰਦੇ  ਹਨ ਕਿ ਇਹ ਇਨਸਾਨ ਦੀ ਫਿਤਰਤ ਅਤੇ ਕੁਦਰਤ ਦਾ ਨੇਮ ਹੈ ਕਿ ਸਮਾਜ ਵਿਚ ਕੁਝ ਲੋਕ ਦੂਸਰਿਆਂ ਨੂੰ ਲੁਟਣਗੇ। ਲੁਟੀਂਦੇ ਲੋਕ ਇਸ ਗੱਲ ਨੂੰ ਆਪਣੇ ਕਰਮ ਨਾਲ ਬਦਲ ਨਹੀਂ ਸਕਦੇ। ਇਹ ਵੀ ਕਿਹਾ ਜਾਂਦਾ ਹੈ ਕਿ ਲੁੱਟ ਖਸੁੱਟ ਦੇ ਰਿਸ਼ਤਿਆਂ ਬਗੈਰ ਹੋਰ ਕੋਈ ਰਿਸ਼ਤੇ ਸਮਾਜ ਵਿਚ ਮੁਮਕਿਨ ਹੀ ਨਹੀਂ। ਬ੍ਰਾਮਣਵਾਦ ਅਤੇ ਯੋਰਪੀਅਨ ਲਿਬਰਲਜ਼ਿਮ ਇਹੋ ਹੀ ਦਲੀਲ ਦਿੰਦੇ ਹਨ ਕਿ ਕੁਦਰਤ ਨੇ ਜਨਮ ਤੋਂ ਹੀ ਕੁਝ ਬੰਦਿਆਂ ਨੂੰ ਲੁਟ ਕਰਨ ਲਈ ਅਤੇ ਜ਼ਿਆਦਾ ਬੰਦਿਆਂ ਨੂੰ ਲੁੱਟ ਕਰਵਾਉਣ ਲਈ ਬਣਾਇਆ ਹੈ। ਇਹ ਉਨ੍ਹਾਂ ਦੀ ਆਪਣੀ ਆਪਣੀ ਕਿਸਮਤ ਹੈ ਜੋ ਕਿ ਕੁਦਰਤ ਨੇ ਆਪ ਬਣਾਈ ਹੈ। ਇਹ ਕਿਹਾ ਜਾਂਦਾ ਹੈ ਕਿ ਕੁਦਰਤ ਦਾ ਇਹ ਨੇਮ ਹੈ ਕਿ ਸਿਰਫ ਤਕੜੇ ਹੀ ਜ਼ਿੰਦਾ ਬਚ ਸਕਦੇ ਹਨ ਇਸ ਲਈ ਵੱਡੀ ਮੱਛੀ ਛੋਟੀ ਮੱਛੀ ਨੂੰ ਖਾਂਦੀ ਹੈ। ਇਸ ਨੇਮ ਨੂੰ ਕੋਈ ਵੀ ਕਰਮ ਨਾਲ ਨਹੀਂ ਬਦਲ ਸਕਦਾ।

ਪਰ ਅਸਲੀਅਤ ਦਸਦੀ ਹੈ ਕਿ ਇਨਸਾਨ ਆਪਣੇ ਕਰਮ ਨਾਲ ਹੀ ਆਪਣੀ ਕਿਸਮਤ ਦੇ ਫੈਸਲੇ ਕਰਦੇ ਹਨ। ਮਨੁਖਤਾ ਆਪਣੇ ਕਰਮ ਨਾਲ ਹੀ ਆਪਣੀ ਤਾਰੀਖ਼ ਅਤੇ ਇਤਿਹਾਸ ਉਸਾਰਦੀ ਆਈ ਹੈ ਅਤੇ ਉਸਾਰਦੀ ਰਹੇਗੀ। ਅੱਜ ਇਸ ਨਵੀਂ ਉਸਾਰੀ  ਦੀ ਲੋੜ ਹਰ ਪਾਸੇ ਮਹਿਸੂਸ ਕੀਤੀ ਜਾ ਰਹੀ ਹੈ। ਇਨਸਾਨ ਦੀ ਕਰਮ ਪ੍ਰਧਾਨਤਾ ਅਤੇ ਕਰਮਸ਼ੀਲਤਾ ਇਕ ਵਾਰ ਫਿਰ ਨਵੀਂ ਉਸਾਰੀ ਦਾ ਹੋਕਾਂ ਦੇ ਰਹੀ ਹੈ। ਜਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਨਵੀਂ ਉਸਾਰੀ ਉਸ ਨੂੰ ਹੋਕਾ ਦੇ ਰਹੀ ਹੈ।